ਮਿੱਠੇ ਬੱਚੇ:- ਤੁਸੀਂ ਇੱਥੇ ਮਨੁੱਖ ਤੋਂ ਦੇਵਤਾ ਬਣਨ ਦੀ ਟਿਊਸ਼ਨ ਲੈਣ ਆਏ ਹੋ , ਕੌਡੀ ਤੋਂ ਹੀਰਾ ਬਣ ਰਹੇ ਹੋ "

ਪ੍ਰਸ਼ਨ:- ਤੁਹਾਡਾ ਬੱਚਿਆਂ ਦਾ ਇਸ ਪੜ੍ਹਾਈ ਤੇ ਕੋਈ ਵੀ ਖ਼ਰਚਾ ਨਹੀਂ ਲੱਗਦਾ ਹੈ, ਕਿਉਂ?

ਉੱਤਰ:- ਕਿਉਂਕਿ ਤੁਹਾਡਾ ਬਾਪ ਹੀ ਟੀਚਰ ਹੈ। ਬਾਪ ਬੱਚਿਆਂ ਤੋਂ ਖ਼ਰਚਾ (ਫੀਸ) ਕਿਵੇਂ ਲਵੇਗਾ। ਬਾਪ ਦਾ ਬੱਚਾ ਬਣੇ, ਗੋਦ ਵਿੱਚ ਆਏ ਤਾਂ ਵਰਸੇ ਦੇ ਹੱਕਦਾਰ ਬਣੇ। ਤੁਸੀਂ ਬੱਚੇ ਬਿਨਾਂ ਖ਼ਰਚੇ ਕੌਡੀ ਤੋਂ ਹੀਰੇ ਵਾਂਗ ਦੇਵਤਾ ਬਣਦੇ ਹੋ। ਭਗਤੀ ਵਿੱਚ ਤੀਰਥ ਕਰਨਗੇ, ਦਾਨ ਪੁੰਨ ਕਰਨਗੇ ਤਾਂ ਖ਼ਰਚਾ ਹੀ ਖ਼ਰਚਾ। ਇੱਥੇ ਤਾਂ ਬਾਪ ਬੱਚਿਆਂ ਨੂੰ ਰਾਜਾਈ ਦਿੰਦੇ ਹਨ। ਸਾਰਾ ਵਰਸਾ ਮੁਫ਼ਤ ਵਿੱਚ ਦਿੰਦੇ ਹਨ। ਪਾਵਨ ਬਣੋ ਅਤੇ ਵਰਸਾ ਲਉ।

ਓਮ ਸ਼ਾਂਤੀ। ਬੱਚੇ ਸਮਝਦੇ ਹਨ ਕਿ ਅਸੀਂ ਸਟੂਡੈਂਟ ਹਾਂ। ਬਾਪ ਦੇ ਸਟੂਡੈਂਟ ਕੀ ਪੜ੍ਹ ਰਹੇ ਹੋ ? ਅਸੀਂ ਮਨੁੱਖ ਤੋਂ ਦੇਵਤਾ ਬਣਨ ਦੀ ਟਿਊਸ਼ਨ ਲੈ ਰਹੇ ਹਾਂ। ਅਸੀਂ ਆਤਮਾਵਾਂ ਪਰਮਪਿਤਾ ਪ੍ਰਮਾਤਮਾ ਤੋਂ ਟਿਊਸ਼ਨ ਲੈ ਰਹੇ ਹਾਂ। ਹੁਣ ਸਮਝ ਗਏ ਕਿ ਜਨਮ ਬਾਈ ਜਨਮ ਆਪਣੇ ਨੂੰ ਦੇਹ ਸਮਝਦੇ ਸੀ, ਨਾ ਕਿ ਆਤਮਾ। ਉਹ ਲੌਕਿਕ ਬਾਪ ਫ਼ਿਰ ਟਿਊਸ਼ਨ ਦੇ ਲਈ ਕਿਧਰੇ ਹੋਰ ਭੇਜ ਦਿੰਦੇ ਹਨ, ਸਦਗਤੀ ਦੇ ਲਈ ਹੋਰ ਜਗ੍ਹਾ ਭੇਜ ਦਿੰਦੇ ਹਨ। ਬਾਪ ਬੁੱਢਾ ਹੋਇਆ ਤਾਂ ਉਸਨੂੰ ਵਾਣਪ੍ਰਸਥ ਜਾਣ ਦੀ ਦਿਲ ਹੁੰਦੀ ਹੈ। ਪਰ ਵਾਣਪ੍ਰਸਥ ਦੇ ਅਰਥ ਨੂੰ ਕੋਈ ਜਾਣਦੇ ਨਹੀਂ ਹਨ। ਵਾਣੀ ਤੋਂ ਪਰੇ ਅਸੀਂ ਕਿਵੇਂ ਜਾ ਸਕਦੇ ਹਾਂ? ਬੁੱਧੀ ਵਿੱਚ ਨਹੀਂ ਬੈਠਦਾ ਹੈ। ਹਾਲੇ ਤੇ ਅਸੀਂ ਪਤਿਤ ਹਾਂ। ਜਿੱਥੋਂ ਅਸੀਂ ਆਤਮਾਵਾਂ ਆਈਆਂ ਹਾਂ ਉੱਥੇ ਤੁਸੀਂ ਪਾਵਨ ਸੀ। ਇੱਥੇ ਆਕੇ ਪਾਰਟ ਵਜਾਉਂਦੇ - ਵਜਾਉਂਦੇ ਪਤਿਤ ਬਣੇ ਹੋ। ਹੁਣ ਫਿਰ ਪਾਵਨ ਕੌਣ ਬਣਾਏ ? ਬੁਲਾਉਂਦੇ ਵੀ ਹਨ ਹੇ ਪੱਤਿਤ ਪਾਵਨ। ਗੁਰੂ ਨੂੰ ਤੇ ਕੋਈ ਪੱਤਿਤ ਪਾਵਨ ਕਹਿ ਨਹੀਂ ਸਕਦੇ। ਗੁਰੂ ਕਰਦੇ ਹਨ ਫ਼ਿਰ ਵੀ ਇੱਕ ਤੇ ਪੂਰਾ ਨਿਸ਼ਚੇ ਨਹੀਂ ਬੈਠਦਾ ਹੈ ਇਸਲਈ ਜਾਂਚ ਕਰਦੇ ਹਨ, ਇਵੇਂ ਦਾ ਕੋਈ ਗੁਰੂ ਮਿਲੇ ਜੋ ਸਾਨੂੰ ਆਪਣੇ ਘਰ ਮਤਲਬ ਵਾਣਪ੍ਰਸਥ ਅਵਸਥਾ ਵਿੱਚ ਪਹੁੰਚਾਵੇ, ਉਸਦੇ ਲਈ ਬਹੁਤ ਯੁੱਕਤੀਆਂ ਰੱਚਦੇ ਹਨ। ਜਿੱਥੇ ਸੁਣਿਆ ਫਲਾਣੇ ਦੀ ਬੜੀ ਮਹਿਮਾ ਹੈ ਉੱਥੇ ਜਾਣਗੇ। ਜੋ ਇਸ ਝਾੜ ਦਾ ਸੈਪਲਿੰਗ ਹਨ, ਉਨ੍ਹਾਂ ਨੂੰ ਤੁਹਾਡੇ ਗਿਆਨ ਦਾ ਤੀਰ ਲੱਗ ਜਾਂਦਾ ਹੈ। ਸਮਝਦੇ ਹਨ ਇਹ ਤਾਂ ਕਲੀਅਰ ਗੱਲ ਹੈ। ਬਰੋਬਰ ਤੁਸੀਂ ਵਾਣਪ੍ਰਸਥ ਅਵਸਥਾ ਵਿੱਚ ਜਾਂਦੇ ਹਾਂ ਨਾ। ਕੋਈ ਵੱਡੀ ਗੱਲ ਨਹੀਂ ਹੈ। ਟੀਚਰ ਦੇ ਲਈ ਸਕੂਲ ਵਿੱਚ ਪੜ੍ਹਾਉਣਾ ਕੋਈ ਵੱਡੀ ਗੱਲ ਨਹੀਂ ਹੈ। ਭਗਤਾਂ ਨੂੰ ਕੀ ਚਾਹੀਦਾ? ਇਹ ਵੀ ਕਿਸੇ ਨੂੰ ਪਤਾ ਨਹੀਂ ਹੈ। ਹੁਣ ਤੁਸੀਂ ਬੱਚੇ ਇਸ ਡਰਾਮੇ ਦੇ ਚੱਕਰ ਨੂੰ ਚੰਗੀ ਤਰ੍ਹਾਂ ਜਾਣ ਗਏ ਹੋ। ਤੁਸੀਂ ਸਮਝਦੇ ਹੋ ਬਰੋਬਰ ਬਾਪ ਨੇ ਹੀ ਵਰਸਾ ਦਿੱਤਾ ਸੀ, ਜੋ ਹੁਣ ਦੇ ਰਹੇ ਹਨ ਫ਼ਿਰ ਉਸੇ ਅਵਸਥਾ ਵਿੱਚ ਆਉਣਗੇ, ਉਹ ਤਾਂ ਤੁਸੀਂ ਬੱਚੇ ਸਮਝਦੇ ਹੋ। ਪਹਿਲੀ ਮੁੱਖ ਗੱਲ ਹੈ ਪਾਵਨ ਬਣਨ ਦੇ ਲਈ ਬਾਪ ਨੂੰ ਯਾਦ ਕਰਨਾ। ਲੌਕਿਕ ਬਾਪ ਤੇ ਸਭ ਨੂੰ ਯਾਦ ਹੈ। ਪਾਰਲੌਕਿਕ ਬਾਪ ਨੂੰ ਜਾਣਦੇ ਹੀ ਨਹੀਂ ਹਨ। ਹੁਣ ਤੁਸੀਂ ਸਮਝਦੇ ਹੋ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਸਹਿਜ ਤੇ ਸਹਿਜ ਵੀ ਹੈ, ਡਿਫੀਕਲਟ ਤੋਂ ਡਿਫੀਕਲਟ ਵੀ ਹੈ।

ਆਤਮਾ ਇੰਨਾ ਛੋਟਾ ਸਿਤਾਰਾ ਹੈ। ਬਾਪ ਵੀ ਸਿਤਾਰਾ ਹੈ। ਉਹ ਸੰਪੂਰਨ ਪਵਿੱਤਰ ਆਤਮਾ ਅਤੇ ਇਹ ਸੰਪੂਰਨ ਅਪਵਿੱਤਰ। ਸੰਪੂਰਨ ਪਵਿੱਤਰ ਦਾ ਸੰਗ ਤਾਰੇ... ਉਹ ਤਾਂ ਇੱਕ ਦਾ ਹੀ ਸੰਗ ਮਿਲ ਸਕਦਾ ਹੈ। ਸੰਗ ਚਾਹੀਦਾ ਜਰੂਰ ਹੈ। ਫ਼ਿਰ ਕੁਸੰਗ ਵੀ ਮਿਲਦਾ ਹੈ 5 ਵਿਕਾਰ ਰੂਪੀ ਰਾਵਣ ਦਾ। ਉਨ੍ਹਾਂ ਨੂੰ ਕਿਹਾ ਹੀ ਜਾਂਦਾ ਹੈ ਰਾਵਣ ਸੰਪਰਦਾਇ। ਤੁਸੀਂ ਹੁਣ ਬਣ ਰਹੇ ਹੋ ਰਾਮ ਸੰਪਰਦਾਇ। ਤੁਸੀਂ ਰਾਮ ਸੰਪਰਦਾਇ ਬਣ ਜਾਓਗੇ ਤਾਂ ਫ਼ਿਰ ਇਹ ਰਾਵਣ ਸੰਪਰਦਾਇ ਨਹੀਂ ਰਹੇਗਾ। ਇਹ ਬੁੱਧੀ ਵਿੱਚ ਗਿਆਨ ਹੈ। ਰਾਮ ਕਹਿਣਗੇ ਭਗਵਾਨ ਨੂੰ। ਭਗਵਾਨ ਹੀ ਆਕੇ ਰਾਮਰਾਜ ਸਥਾਪਤ ਕਰਦੇ ਹਨ। ਮਤਲਬ ਸੂਰਜਵੰਸ਼ੀ ਰਾਜ ਸਥਾਪਿਤ ਕਰਦੇ ਹਨ। ਰਾਮਰਾਜ ਵੀ ਨਹੀਂ ਕਹਾਂਗੇ, ਲੇਕਿਨ ਸਮਝਾਉਣ ਵਿੱਚ ਸਹਿਜ ਹੁੰਦਾ ਹੈ। ਰਾਮਰਾਜ ਅਤੇ ਰਾਵਣ ਰਾਜ। ਅਸਲ ਵਿੱਚ ਸੂਰਜਵੰਸ਼ੀ ਰਾਜ। ਤੁਹਾਡੀ ਇੱਕ ਛੋਟੀ ਕਿਤਾਬ ਹੈ - ਹੀਰੇ ਵਰਗਾ ਜੀਵਨ ਕਿਵੇਂ ਬਣੇ? ਹੁਣ ਹੀਰੇ ਵਰਗਾ ਜੀਵਨ ਕਿਸਨੂੰ ਕਿਹਾ ਜਾਂਦਾ ਹੈ - ਮਨੁੱਖ ਕੀ ਜਾਨਣ, ਸਿਵਾਏ ਤੁਹਾਡੇ। ਲਿੱਖਣਾ ਚਾਹੀਦਾ ਹੈ ਹੀਰੇ ਵਰਗਾ ਦੇਵਤਾਈ ਜੀਵਨ ਕਿਵੇਂ ਬਣੇ ? ਦੇਵਤਾ ਅੱਖਰ ਐਡ ਹੋਣਾ ਚਾਹੀਦਾ ਹੈ। ਤੁਸੀਂ ਫੀਲ ਕਰਦੇ ਹੋ ਅਸੀਂ ਹੀਰੇ ਵਰਗਾ ਜੀਵਨ ਇੱਥੇ ਬਣਾ ਰਹੇ ਹਾਂ। ਸਿਵਾਏ ਬਾਪ ਦੇ ਹੋਰ ਕੋਈ ਬਣਾ ਨਾ ਸਕੇ। ਕਿਤਾਬ ਹੈ ਅੱਛਾ, ਉਸ ਵਿਚ ਇਹ ਅੱਖਰ ਸਿਰਫ਼ ਐਡ ਕਰੋ। ਤੁਸੀਂ ਆਸੁਰੀ ਕੌਡੀ ਵਰਗੇ ਜਨਮ ਤੋਂ ਦੇਵਤਾਈ ਹੀਰੇ ਵਰਗਾ ਜਨਮ ਸੈਕਿੰਡ ਵਿੱਚ ਪ੍ਰਾਪਤ ਕਰ ਸਕਦੇ ਹੋ, ਬਿਨਾਂ ਕੌਡੀ ਖ਼ਰਚੇ। ਬੱਚਾ ਬਾਪ ਦੇ ਕੋਲ ਜਨਮ ਲੈਂਦਾ ਹੈ ਅਤੇ ਵਰਸੇ ਦਾ ਹੱਕਦਾਰ ਬਣਦਾ ਹੈ। ਬੱਚੇ ਨੂੰ ਖ਼ਰਚਾ ਲਗਦਾ ਹੈ ਕੀ? ਗੋਦ ਵਿੱਚ ਆਇਆ ਅਤੇ ਵਰਸੇ ਦਾ ਹੱਕਦਾਰ ਬਣਿਆ। ਖ਼ਰਚਾ ਤਾਂ ਬਾਪ ਕਰਦੇ ਹਨ, ਨਾ ਕਿ ਬੱਚਾ। ਹੁਣ ਤੁਸੀਂ ਕੀ ਖ਼ਰਚਾ ਕੀਤਾ ਹੈ ? ਬਾਪ ਦਾ ਬਣਨ ਵਿੱਚ ਕੋਈ ਖ਼ਰਚਾ ਲੱਗਦਾ ਹੈ ਕੀ ? ਨਹੀਂ। ਜਿਵੇਂ ਲੌਕਿਕ ਬਾਪ ਦਾ ਬਣਨ ਵਿੱਚ ਖ਼ਰਚ ਨਹੀਂ ਆਉਂਦਾ, ਓਵੇਂ ਪਾਰਲੌਕਿਕ ਬਾਪ ਦਾ ਬਣਨ ਵਿੱਚ ਵੀ ਕੋਈ ਖ਼ਰਚ ਨਹੀਂ ਲੱਗਦਾ। ਇਹ ਤਾਂ ਬਾਪ ਬੈਠ ਪੜ੍ਹਾਉਂਦੇ ਹਨ, ਪੜ੍ਹਾਕੇ ਤੁਹਾਨੂੰ ਦੇਵਤਾ ਬਣਾਉਂਦੇ ਹਨ। ਤੁਸੀਂ ਕੋਈ ਛੋਟੇ ਬੱਚੇ ਤੇ ਨਹੀਂ ਹੋ, ਵੱਡੇ ਹੋ। ਬਾਪ ਦਾ ਬਣਨ ਨਾਲ ਬਾਪ ਸਲਾਹ ਦਿੰਦੇ ਹਨ, ਤੁਸੀਂ ਆਪਣੀ ਰਾਜਧਾਨੀ ਸਥਾਪਤ ਕਰਨੀ ਹੈ। ਇਸ ਵਿੱਚ ਪਵਿੱਤਰ ਜ਼ਰੂਰ ਬਣਨਾ ਹੈ। ਖ਼ਰਚਾ ਤੇ ਕੁੱਝ ਵੀ ਨਹੀਂ ਲੱਗਦਾ। ਗੰਗਾ ਤੇ ਜਾਂਦੇ ਹਨ, ਤੀਰਥਾਂ ਤੇ ਇਸ਼ਨਾਨ ਕਰਨ ਜਾਂਦੇ ਹਨ, ਖ਼ਰਚਾ ਤਾਂ ਕਰਨਗੇ ਨਾ। ਤੁਹਾਨੂੰ ਬਾਪ ਤੇ ਨਿਸ਼ਚੇ ਹੋਇਆ, ਖ਼ਰਚਾ ਲੱਗਿਆ ਕੀ? ਤੁਹਾਡੇ ਕੋਲ ਸੈਂਟਰ

ਤੇ ਆਉਂਦੇ ਹਨ। ਤੁਸੀ ਉਨ੍ਹਾਂ ਨੂੰ ਕਹਿੰਦੇ ਹੋ ਹੁਣ ਬੇਹੱਦ ਦੇ ਬਾਪ ਤੋਂ ਵਰਸਾ ਲਵੋ, ਬਾਪ ਨੂੰ ਯਾਦ ਕਰੋ। ਬਾਪ ਹੈ ਨਾ। ਬਾਪ ਖੁੱਦ ਕਹਿੰਦੇ ਹਨ ਮੇਰਾ ਵਰਸਾ ਤੁਹਾਨੂੰ ਚਾਹੀਦਾ ਹੈ ਤਾਂ ਪੱਤਿਤ ਤੋਂ ਪਾਵਨ ਬਣੋ, ਤਾਂ ਪਾਵਨ ਵਿਸ਼ਵ ਦੇ ਮਾਲਿਕ ਬਣ ਸਕੋਗੇ। ਇਹ ਵੀ ਜਾਣਦੇ ਹੋ ਬਾਪ ਬੈਕੁੰਠ ਸਥਾਪਤ ਕਰਦੇ ਹਨ। ਸਮਝਦਾਰ ਬੱਚੇ ਚੰਗੀ ਤਰ੍ਹਾਂ ਸਮਝਦੇ ਹਨ। ਉਸ ਪੜ੍ਹਾਈ ਵਿੱਚ ਖ਼ਰਚਾ ਕਿੰਨਾ ਹੁੰਦਾ ਹੈ। ਇੱਥੇ ਖ਼ਰਚਾ ਕੁਝ ਵੀ ਨਹੀਂ। ਆਤਮਾ ਕਹਿੰਦੀ ਹੈ ਅਸੀਂ ਅਵਿਨਾਸ਼ੀ ਹਾਂ, ਇਹ ਸ਼ਰੀਰ ਵਿਨਾਸ਼ ਹੋ ਜਾਵੇਗਾ। ਬਾਲ ਬੱਚੇ ਆਦਿ ਸਭ ਵਿਨਾਸ਼ ਹੋ ਜਾਣਗੇ। ਅੱਛਾ, ਫਿਰ ਇੰਨੇ ਪੈਸੇ ਜੋ ਇਕੱਠੇ ਕੀਤੇ ਹਨ ਉਨ੍ਹਾਂ ਨੂੰ ਕੀ ਕਰੋਗੇ? ਖ਼ਿਆਲ ਤਾਂ ਹੋਵੇਗਾ ਨਾ। ਕਈ ਸ਼ਾਹੂਕਾਰ ਵੀ ਹੋਣਗੇ, ਸਮਝੋ ਉਨ੍ਹਾਂ ਦਾ ਕੋਈ ਹੈ ਨਹੀਂ, ਗਿਆਨ ਮਿਲਦਾ ਹੈ ਤਾਂ ਸਮਝਦੇ ਹਨ ਇਸ ਹਾਲਤ ਵਿੱਚ ਪੈਸਾ ਕੀ ਕਰਨਗੇ ? ਪੜ੍ਹਾਈ ਤਾਂ ਹੈ ਸੋਰਸ ਆਫ਼ ਇਨਕਮ। ਬਾਬਾ ਨੇ ਦੱਸਿਆ ਸੀ ਇੱਕ ਇਬ੍ਰਾਹਿਮ ਲਿੰਕਨ ਸੀ, ਬਹੁਤ ਗ਼ਰੀਬ ਸੀ। ਰਾਤ ਨੂੰ ਜਾਗ ਕੇ ਪੜ੍ਹਦਾ ਸੀ। ਪੜ੍ਹ-ਪੜ੍ਹ ਕੇ ਇਨਾ ਹੁਸ਼ਿਆਰ ਹੋ ਗਿਆ ਜੋ ਪ੍ਰੈਜ਼ੀਡੈਂਟ ਬਣ ਗਿਆ। ਖ਼ਰਚਾ ਲੱਗਦਾ ਹੈ ਕੀ? ਕੁਝ ਵੀ ਨਹੀਂ। ਬਹੁਤ ਹਨ ਜੋ ਗ਼ਰੀਬ ਹੁੰਦੇ ਹਨ, ਉਨ੍ਹਾਂ ਤੋਂ ਸਰਕਾਰ ਪੈਸੇ ਨਹੀਂ ਲੈਂਦੀ ਹੈ ਪੜ੍ਹਨ ਦੇ। ਇਵੇਂ ਬਹੁਤ ਪੜ੍ਹਦੇ ਹਨ, ਤਾਂ ਉਹ ਵੀ ਬਿਨਾਂ ਫ਼ੀਸ ਪ੍ਰੈਜ਼ੀਡੈਂਟ ਬਣ ਗਿਆ। ਕਿੰਨਾ ਵੱਡਾ ਪਦ਼ ਪਾ ਲਿਆ। ਇਹ ਸਰਕਾਰ ਵੀ ਕੁੱਝ ਖ਼ਰਚਾ ਨਹੀਂ ਲੈਂਦੀ। ਸਮਝਦੀ ਹੈ ਦੁਨੀਆਂ ਵਿੱਚ ਸਭ ਗਰੀਬ ਹਨ। ਭਾਵੇਂ ਕਿੰਨੇ ਵੀ ਸ਼ਾਹੂਕਾਰ, ਲੱਖਪਤੀ, ਕਰੋੜਪਤੀ ਹਨ, ਉਹ ਵੀ ਕਹਿਣਗੇ ਗਰੀਬ ਹਾਂ। ਅਸੀਂ ਉਨ੍ਹਾਂਨੂੰ ਸ਼ਾਹੂਕਾਰ ਬਣਾਉਂਦੇ ਹਾਂ। ਭਾਵੇਂ ਧਨ ਕਿੰਨਾ ਵੀ ਹੋਵੇ, ਤੁਸੀਂ ਜਾਣਦੇ ਹੋ, ਥੋੜ੍ਹੇ ਦਿਨਾਂ ਦੇ ਲਈ ਹੈ। ਇਹ ਸਭ ਮਿੱਟੀ ਵਿੱਚ ਮਿਲ ਜਾਵੇਗਾ। ਤਾਂ ਗ਼ਰੀਬ ਠਹਿਰੇ ਨਾ। ਸਾਰਾ ਮਦਾਰ ਹੈ ਪੜ੍ਹਾਈ ਤੇ। ਬਾਪ ਬੱਚਿਆਂ ਤੋਂ ਪੜ੍ਹਾਈ ਦਾ ਕੀ ਲੈਣਗੇ? ਬਾਪ ਤਾਂ ਵਿਸ਼ਵ ਦਾ ਮਾਲਿਕ ਹੈ, ਬੱਚੇ ਜਾਣਦੇ ਹਨ ਅਸੀਂ ਭਵਿੱਖ ਵਿੱਚ ਇਹ ਬਣਾਂਗੇ। ਮੈਂ ਆਇਆ ਹਾਂ ਇਹ ਸਥਾਪਤ ਕਰਨ। ਬੈਜ ਵਿੱਚ ਵੀ ਇਹ ਸਮਝਾਉਣੀ ਹੈ। ਨਵੀਂ-ਨਵੀਂ ਇਨਵੈਂਸ਼ਨ ਨਿਕਲਦੀ ਰਹਿੰਦੀ ਹੈ। ਸ਼ਿਵਬਾਬਾ ਕਹਿੰਦੇ ਹਨ ਸਾਡੀ ਜੋ ਆਤਮਾ ਹੈ ਉਸ ਵਿੱਚ ਸਾਰਾ ਪਾਰਟ ਨੂੰਧਿਆ ਹੋਇਆ ਹੈ। ਜੋ ਵਿਕਾਰੀ ਪਤਿਤ ਬਣੇ ਹਨ ਉਨ੍ਹਾਂਨੂੰ ਬਾਪ ਆਕੇ ਪਾਵਨ ਬਨਾਉਂਦੇ ਹਨ। ਇਹ ਤਾਂ ਜਾਣਦੇ ਹੋ 5 ਹਜ਼ਾਰ ਸਾਲ ਪਹਿਲਾਂ ਬਾਪ ਤੋਂ ਵਿਸ਼ਵ ਦੀ ਬਾਦਸ਼ਾਹੀ ਲਈ ਸੀ। ਮੁੱਖ ਗੱਲ, ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਸਨਮੁੱਖ ਕਹਿੰਦੇ ਹਨ। ਰੱਥ ਮਿਲ ਗਿਆ ਤਾਂ ਬਾਪ ਵੀ ਆ ਗਏ। ਰੱਥ ਤਾਂ ਜ਼ਰੂਰ ਇੱਕ ਫਿਕਸ ਹੋਵੇਗਾ ਨਾ। ਇਹ ਬਣਿਆ ਬਣਾਇਆ ਡਰਾਮਾ ਹੈ। ਚੇਂਜ ਹੋ ਨਹੀਂ ਸਕਦਾ। ਕਹਿੰਦੇ ਹਨ ਇਹ ਜੌਹਰੀ ਕਿਵੇਂ ਪ੍ਰਜਾਪਿਤਾ ਬ੍ਰਹਮਾ ਬਣੇਗਾ। ਸਮਝਦੇ ਹਨ ਇਹ ਜੌਹਰੀ ਸੀ। ਜਵਾਹਰਾਤ ਇੱਕ ਹੁੰਦੀ ਹੈ ਇਮੀਟੇਸ਼ਨ, ਇੱਕ ਰੀਅਲ। ਇਸ ਵਿੱਚ ਵੀ ਰੀਅਲ ਜਵਾਹਰਾਤ ਬਾਪ ਦਿੰਦੇ ਹਨ ਉਹ ਕੀ ਕੰਮ ਆਵੇਗੀ। ਇਹ ਹਨ ਗਿਆਨ ਰਤਨ। ਇਨ੍ਹਾਂ ਦੇ ਸਾਹਮਣੇ ਉਨ੍ਹਾਂ ਜਵਾਹਰਤਾਂ ਦੀ ਕੋਈ ਕੀਮਤ ਨਹੀਂ। ਜਦੋਂ ਇਹ ਰਤਨ ਮਿਲੇ ਤਾਂ ਸਮਝਿਆ ਇਹ ਜਵਾਹਰਤਾਂ ਦਾ ਧੰਧਾ ਤੇ ਕਿਸੇ ਕੰਮ ਦਾ ਨਹੀਂ। ਇਹ ਅਵਿਨਾਸ਼ੀ ਗਿਆਨ ਰਤਨ ਇੱਕ-ਇੱਕ ਲੱਖਾਂ ਰੁਪਇਆਂ ਦਾ ਹੈ। ਕਿੰਨੇ ਤੁਹਾਨੂੰ ਰਤਨ ਮਿਲਦੇ ਹਨ। ਇਹ ਗਿਆਨ ਰਤਨ ਹੀ ਸੱਚੇ ਬਣ ਜਾਂਦੇ ਹਨ। ਤੁਸੀਂ ਜਾਣਦੇ ਹੋ ਬਾਪ ਇਹ ਰਤਨ ਦਿੰਦੇ ਹਨ ਝੋਲੀ ਭਰਨ ਦੇ ਲਈ। ਇਹ ਮੁਫ਼ਤ ਵਿੱਚ ਮਿਲਦੇ ਹਨ। ਖ਼ਰਚਾ ਕੁਝ ਵੀ ਨਹੀਂ। ਉੱਥੇ ਤਾਂ ਦੀਵਾਰਾਂ, ਛੱਤਾਂ ਵਿੱਚ ਵੀ ਹੀਰੇ ਜ਼ਵਾਹਰਾਤ ਲੱਗੇ ਰਹਿੰਦੇ ਹਨ। ਉਨ੍ਹਾਂ ਦੀ ਕੀਮਤ ਕੀ ਹੋਵੇਗੀ। ਕੀਮਤ ਬਾਅਦ ਵਿੱਚ ਹੁੰਦੀ ਹੈ। ਉੱਥੇ ਤਾਂ ਹੀਰੇ ਜਵਾਹਰਤ ਵੀ ਤੁਹਾਡੇ ਲਈ ਕੁੱਝ ਵੀ ਨਹੀਂ ਹਨ। ਇਹ ਤਾਂ ਬੱਚਿਆਂ ਨੂੰ ਨਿਸ਼ਚੇ ਹੋਣਾ ਚਾਹੀਦਾ ਹੈ।

ਬਾਪ ਨੇ ਸਮਝਾਇਆ ਹੈ ਇਹ ਰੂਪ ਵੀ ਹੈ ਬਸੰਤ ਵੀ ਹੈ। ਬਾਬਾ ਦਾ ਛੋਟਾ ਜਿਹਾ ਰੂਪ ਹੈ। ਉਨ੍ਹਾਂਨੂੰ ਗਿਆਨ ਸਾਗਰ ਕਿਹਾ ਜਾਂਦਾ ਹੈ। ਇਹ ਗਿਆਨ ਰਤਨ ਹਨ ਜਿਨ੍ਹਾਂ ਨਾਲ ਤੁਸੀਂ ਬਹੁਤ ਧਨਵਾਨ ਬਣੋਗੇ। ਬਾਕੀ ਕੋਈ ਅੰਮ੍ਰਿਤ ਜਾਂ ਪਾਣੀ ਆਦਿ ਦੀ ਬਰਸਾਤ ਨਹੀਂ ਹੈ। ਪੜ੍ਹਾਈ ਵਿੱਚ ਪਾਣੀ ਦੀ ਗੱਲ ਨਹੀਂ ਹੁੰਦੀ। ਪਾਵਨ ਬਣਨ ਵਿਚ ਖ਼ਰਚੇ ਦੀ ਗੱਲ ਹੀ ਨਹੀਂ। ਤੁਹਾਨੂੰ ਹੁਣ ਵਿਵੇਕ ਮਿਲਿਆ ਹੈ। ਸਮਝਦੇ ਹੋ ਪਤਿਤ ਪਾਵਣ ਤਾਂ ਇੱਕ ਬਾਪ ਹੀ ਹੈ। ਤੁਸੀਂ ਯੋਗਬਲ ਨਾਲ ਪਾਵਨ ਬਣ ਰਹੇ ਹੋ। ਜਾਣਦੇ ਹੋ ਪਾਵਨ ਬਣ ਪਾਵਨ ਦੁਨੀਆਂ ਵਿੱਚ ਚਲੇ ਜਾਓਗੇ। ਹੁਣ ਰਾਈਟ ਇਹ ਹੈ ਜਾਂ ਉਹ? ਇੰਨ੍ਹਾਂ ਸਭ ਗੱਲਾਂ ਵਿੱਚ ਬੁੱਧੀ ਚੱਲਣੀ ਚਾਹੀਦੀ ਹੈ। ਡਰਾਮੇ ਵਿੱਚ ਇਹ ਭਗਤੀ ਦਾ ਪਾਰਟ ਵੀ ਹੁਣ ਦਾ ਹੀ ਹੈ। ਬਾਪ ਕਹਿੰਦੇ ਹਨ ਹੁਣ ਤੁਹਾਨੂੰ ਪਾਵਨ ਬਣ ਪਾਵਨ ਦੁਨੀਆਂ ਵਿੱਚ ਚੱਲਣਾ ਹੈ। ਜੋ ਪਾਵਨ ਬਣੇਗਾ ਉਹ ਜਾਵੇਗਾ। ਜੋ ਇਥੋਂ ਦੇ ਸੈਪਲਿੰਗ ਹੋਣਗੇ ਉਹ ਨਿਕਲ ਆਉਣਗੇ। ਬਾਕੀ ਥੋੜ੍ਹੇ ਹੀ ਸਮਝਣਗੇ। ਉਹ ਤਾਂ ਦੂਬਣ ਵਿੱਚ ਫ਼ਸੇ ਹੀ ਰਹਿਣਗੇ। ਜਦੋਂ ਸੁਣਨਗੇ ਤਾਂ ਪਿਛਾੜੀ ਵਿੱਚ ਕਹਿਣਗੇ - ਓਹੋ ਪ੍ਰਭੂ, ਤੇਰੀ ਲੀਲਾ... ਤੁਸੀਂ ਪੁਰਾਣੀ ਦੁਨੀਆਂ ਨੂੰ ਨਵੀਂ ਕਿਵੇਂ ਬਣਾਉਂਦੇ ਹੋ। ਤੁਹਾਡਾ ਇਹ ਗਿਆਨ ਅਖ਼ਬਾਰਾਂ ਵਿੱਚ ਬਹੁਤ-ਬਹੁਤ ਪੈ ਜਾਵੇਗਾ। ਖ਼ਾਸ ਇਹ ਚਿੱਤਰ ਅਖ਼ਬਾਰ ਵਿੱਚ ਰੰਗੀਨ ਪਾ ਦੇਵੋ। ਅਤੇ ਲਿਖ ਦੇਵੋ - ਸ਼ਿਵਬਾਬਾ ਪ੍ਰਜਾਪਿਤਾ ਬ੍ਰਹਮਾ ਦੁਆਰਾ ਪੜ੍ਹਾਕੇ ਸਵਰਗ ਦਾ ਮਾਲਿਕ ਇਹ (ਲਕਸ਼ਮੀ - ਨਾਰਾਇਣ) ਬਣਾਉਂਦੇ ਹਨ। ਕਿਵੇਂ? ਯਾਦ ਦੀ ਯਾਤ੍ਰਾ ਨਾਲ। ਯਾਦ ਕਰਦੇ-ਕਰਦੇ ਤੁਹਾਡੀ ਕੱਟ ਨਿਕਲ ਜਾਵੇਗੀ। ਤੁਸੀਂ ਖੜ੍ਹੇ-ਖੜ੍ਹੇ ਸਭ ਨੂੰ ਇਹ ਰਸਤਾ ਦੱਸ ਸਕਦੇ ਹੋ ਕਿ ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ, ਆਪਣੇ ਨੂੰ ਆਤਮਾ ਸਮਝੋ। ਘੜੀ-ਘੜੀ ਯਾਦ ਕਰਵਾਕੇ ਫ਼ਿਰ ਵੇਖੋ ਉਨ੍ਹਾਂ ਦਾ ਚਿਹਰਾ ਬਦਲਦਾ ਹੈ? ਅੱਖਾਂ ਪਾਣੀ ਨਾਲ ਭਿੱਜਦੀਆਂ ਹਨ ? ਤਾਂ ਸਮਝੋ ਕੁੱਝ ਬੁੱਧੀ ਵਿੱਚ ਬੈਠਦਾ ਹੈ। ਪਹਿਲਾਂ-ਪਹਿਲਾਂ ਇਹ ਇੱਕ ਗੱਲ ਹੀ ਸਮਝਾਉਣੀ ਹੈ। 5 ਹਜ਼ਾਰ ਸਾਲ ਪਹਿਲਾਂ ਵੀ ਬਾਪ ਨੇ ਕਿਹਾ ਸੀ ਮਾਮੇਕਮ ਯਾਦ ਕਰੋ। ਸ਼ਿਵਬਾਬਾ ਆਇਆ ਸੀ ਤਾਂ ਹੀ ਤੇ ਸ਼ਿਵਜਯੰਤੀ ਮੰਨਾਉਂਦੇ ਹਾਂ ਨਾ। ਭਾਰਤ ਨੂੰ ਸਵਰਗ ਬਣਾਉਣ ਲਈ ਇਹ ਸਮਝਾਇਆ ਸੀ ਕਿ ਮਾਮੇਕਮ ਯਾਦ ਕਰੋ ਤਾਂ ਤੁਸੀਂ ਪਾਵਨ ਬਣ ਜਾਓਗੇ। ਛੋਟੀਆਂ-ਛੋਟੀਆਂ ਬੱਚੀਆਂ ਵੀ ਇਵੇਂ ਬੈਠ ਸਮਝਾਉਣ। ਬੇਹੱਦ ਦਾ ਬਾਪ ਸ਼ਿਵਬਾਬਾ ਇਵੇਂ ਸਮਝਾਉਂਦੇ ਹਨ। 'ਬਾਬਾ' ਅੱਖਰ ਬਹੁਤ ਮਿੱਠਾ ਹੈ। ਬਾਬਾ ਅਤੇ ਵਰਸਾ। ਇੰਨੇ ਨਿਸ਼ਚੇ ਵਿੱਚ ਬੱਚਿਆਂ ਨੇ ਰਹਿਣਾ ਹੈ। ਇਹ ਹੈ ਹੀ ਮਨੁੱਖ ਤੋਂ ਦੇਵਤਾ ਬਣਨ ਦਾ ਵਿਦਿਆਲਿਆ। ਦੇਵਤੇ ਹੁੰਦੇ ਹੀ ਪਾਵਨ ਹਨ। ਹੁਣ ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ, ਮਨਮਨਾਭਵ। ਅੱਖਰ ਸੁਣੇ ਹਨ, ਨਾ ਸੁਣੇ ਹੋਣ ਤਾਂ ਬਾਪ ਸੁਣਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਹੀ ਪੱਤਿਤ - ਪਾਵਨ ਹਾਂ, ਮੈਨੂੰ ਯਾਦ ਕਰੋ ਤਾਂ ਤੁਹਾਡੀ ਖਾਦ ਨਿਕਲ ਜਾਵੇਗੀ

ਅਤੇ ਸਤੋਪ੍ਰਧਾਨ ਬਣ ਜਾਵੋਗੇ। ਮਿਹਨਤ ਹੀ ਇਹ ਹੈ। ਗਿਆਨ ਦੇ ਲਈ ਤਾਂ ਸਭ ਕਹਿ ਦਿੰਦੇ ਹਨ, ਬਹੁਤ ਚੰਗਾ ਹੈ, ਫ਼ਸਟਕਲਾਸ ਗਿਆਨ ਹੈ ਪਰ ਪ੍ਰਾਚੀਨ ਯੋਗ ਦੀ ਗੱਲ ਕੀ ਜਾਣਦੇ ਨਹੀਂ ਹਨ। ਪਾਵਨ ਹੋਣ ਦੀ ਗੱਲ ਤੁਸੀਂ ਸੁਣਾਉਂਦੇ ਹੋ ਫ਼ਿਰ ਵੀ ਸਮਝਦੇ ਨਹੀਂ। ਬਾਪ ਕਹਿੰਦੇ ਹਨ ਤੁਸੀਂ ਸਾਰੇ ਪੱਤਿਤ ਤਮੋਪ੍ਰਧਾਨ ਬਣ ਗਏ ਹੋ। ਹੁਣ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ। ਅਸਲ ਤੁਸੀਂ ਆਤਮਾਵਾਂ ਮੇਰੇ ਨਾਲ ਸੀ ਨਾ। ਮੈਨੂੰ ਤੁਸੀਂ ਬੁਲਾਉਂਦੇ ਵੀ ਹੋ ਓ ਗੌਡ ਫਾਦਰ ਆਓ। ਹੁਣ ਮੈਂ ਆਇਆ ਹਾਂ, ਤੁਸੀਂ ਮੇਰੀ ਮਤ ਤੇ ਚੱਲੋ। ਇਹ ਹੈ ਹੀ ਪੱਤਿਤ ਤੋਂ ਪਾਵਨ ਹੋਣ ਦੀ ਮੱਤ। ਮੈਂ ਹਾਂ ਸ੍ਰਵਸ਼ਕਤੀਮਾਨ ਏਵਰ ਪਾਵਨ। ਹੁਣ ਤੁਸੀਂ ਮੈਨੂੰ ਯਾਦ ਕਰੋ। ਇਸਨੂੰ ਹੀ ਪ੍ਰਾਚੀਨ ਰਾਜਯੋਗ ਕਿਹਾ ਜਾਂਦਾ ਹੈ। ਤੁਸੀਂ ਧੰਦੇ ਆਦਿ ਵਿੱਚ ਵੀ ਭਾਵੇਂ ਰਹੋ, ਬਾਲ ਬੱਚੇ ਆਦਿ ਵੀ ਸੰਭਾਲੋ, ਸਿਰਫ਼ ਬੁਧੀਯੋਗ ਹੋਰ ਸਭ ਤੋਂ ਹਟਾ ਕੇ ਮੇਰੇ ਨਾਲ ਲਗਾਓ। ਇਹ ਹੈ ਸਭ ਤੋਂ ਮੁੱਖ ਗੱਲ। ਇਹ ਨਹੀਂ ਸਮਝਿਆ ਤਾਂ ਮਤਲਬ ਕੁਝ ਵੀ ਨਹੀਂ ਸਮਝਿਆ। ਗਿਆਨ ਦੇ ਲਈ ਤਾਂ ਕਹਿੰਦੇ ਹਨ ਬਹੁਤ ਅੱਛਾ ਗਿਆਨ ਦਿੰਦੇ ਹੋ, ਪਵਿੱਤਰਤਾ ਵੀ ਅੱਛੀ ਹੈ, ਪਰ ਅਸੀਂ ਪਵਿੱਤਰ ਕਿਵੇਂ ਬਣੀਏ? ਹਮੇਸ਼ਾਂ ਦੇ ਲਈ ਇਹ ਗੱਲ ਸਮਝਦੇ ਨਹੀਂ। ਦੇਵਤੇ ਹਮੇਸ਼ਾਂ ਪਵਿੱਤਰ ਸਨ ਨਾ, ਉਹ ਕਿਵੇਂ ਬਣੇ ? ਇਹ ਗੱਲ ਪਹਿਲਾਂ-ਪਹਿਲਾਂ ਸਮਝਾਉਣੀ ਹੈ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ। ਯਾਦ ਨਾਲ ਹੀ ਪਾਪ ਮਿਟ ਜਾਣਗੇ ਅਤੇ ਤੁਸੀਂ ਦੇਵਤੇ ਬਣ ਜਾਓਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਖੁਦ ਨੂੰ ਗਰੀਬ ਤੋਂ ਸਾਹੂਕਾਰ ਬਣਾਉਣ ਦੇ ਲਈ ਬਾਪ ਤੋਂ ਅਵਿਨਾਸ਼ੀ ਗਿਆਨ ਰਤਨ ਲੈਣੇ ਹਨ, ਇਹ ਇੱਕ - ਇੱਕ ਰਤਨ ਲੱਖਾਂ ਰੁਪਏ ਦਾ ਹੈ, ਇਸ ਦੀ ਵੈਲਿਉ ਜਾਣਕੇ ਪੜ੍ਹਾਈ ਪੜ੍ਹਣੀ ਹੈ। ਇਹ ਪੜ੍ਹਾਈ ਹੀ ਸੋਰਸ ਆਫ਼ ਇੰਨਕਮ ਹੈ, ਇਸਨਾਲ ਹੀ ਉੱਚ ਪਦਵੀ ਪਾਉਣੀ ਹੈ।

2 . ਰਾਮ ਸੰਪਰਦਾਇ ਵਿੱਚ ਆਉਣ ਦੇ ਲਈ ਸੰਪੂਰਨ ਪਵਿੱਤਰ ਜੋ ਇੱਕ ਬਾਪ ਹੈ, ਉਸਦਾ ਹੀ ਸੰਗ ਕਰਨਾ ਹੈ। ਕੁਸੰਗ ਤੋਂ ਸਦਾ ਦੂਰ ਰਹਿਣਾ ਹੈ। ਸਭਤੋਂ ਬੁੱਧੀ ਯੋਗ ਹਟਾ ਕੇ ਇੱਕ ਬਾਪ ਨਾਲ ਲਗਾਉਣਾ ਹੈ।

ਵਰਦਾਨ:- ਸ਼ਕਤੀਸ਼ਾਲੀ ਯਾਦ ਦਵਾਰਾ ਸੈਕਿੰਡ ਵਿੱਚ ਪਦਮਾ ਦੀ ਕਮਾਈ ਜਮਾਂ ਕਰਨ ਵਾਲੇ ਪਦਮਾਪਦਮ ਭਾਗਸ਼ਾਲੀ ਭਵ

ਤੁਹਾਡੀ ਯਾਦ ਇੰਨੀ ਸ਼ਕਤੀਸ਼ਾਲੀ ਹੋਵੇ ਜੋ ਇੱਕ ਸੈਕਿੰਡ ਦੀ ਯਾਦ ਨਾਲ ਪਦਮਾਂ ਦੀ ਕਮਾਈ ਜਮਾਂ ਹੋ ਜਾਏ । ਜਿਨਾਂ ਦੇ ਹਰ ਕਦਮ ਵਿੱਚ ਪਦਮ ਹੋਣ ਤਾਂ ਕਿੰਨੇ ਪਦਮ ਜਮਾਂ ਹੋ ਜਾਣਗੇ ਇਸਲਈ ਕਿਹਾ ਜਾਂਦਾ ਹੈ ਪਦਮਾਪਤੀ ਭਾਗਸ਼ਾਲੀ। ਜਦੋਂ ਕਿਸੇ ਦੀ ਚੰਗੀ ਕਮਾਈ ਹੁੰਦੀ ਹੈ ਤਾਂ ਉਸਦੇ ਚੇਹਰੇ ਦੀ ਫ਼ਲਕ ਹੀ ਹੋਰ ਹੋ ਜਾਂਦੀ ਹੈ। ਤਾਂ ਤੁਹਾਡੀ ਸ਼ਕਲ ਨਾਲ ਹੀ ਪਦਮਾਂ ਦੀ ਕਮਾਈ ਦਾ ਨਸ਼ਾ ਵਿਖਾਈ ਦਵੇ। ਅਜਿਹਾ ਰੂਹਾਨੀ ਨਸ਼ਾ, ਰੂਹਾਨੀ ਖੁਸ਼ੀ ਹੋਵੇ ਜੋ ਅਨੁਭਵ ਕਰਨ ਕਿ ਇਹ ਨਿਆਰੇ ਲੋਕ ਹਨ।

ਸਲੋਗਨ:- ਡਰਾਮੇ ਵਿੱਚ ਸਭ ਚੰਗਾ ਹੀ ਹੋਣਾ ਹੈ ਇਸ ਸਮ੍ਰਿਤੀ ਨਾਲ ਬੇਫ਼ਿਕਰ ਬਾਦਸ਼ਾਹ ਬਣੋ।

******